9122024-Ferozpur-10.qxd 12/8/2024 8:18 PM Page 2



## ਹੈਰੋਇਨ ਅਤੇ ਡਰੱਗ ਮਨੀ ਸਮੇਤ ਇਕ ਕਾਬੂ

ਕਾਲਾਂਵਾਲੀ/ਸਿਰਸਾ, 8 ਦਸੰਬਰ (ਭੁਪਿੰਦਰ ਪੰਨੀਵਾਲੀਆ)- ਸੀ.ਆਈ.ਏ. ਸਟਾਫ ਪੁਲਿਸ ਕਾਲਾਂਵਾਲੀ ਦੀ ਟੀਮ ਨੇ ਪਿੰਡ ਘੁੱਕਿਆਂਵਾਲੀ ਤੋਂ ਇਕ ਵਿਅਕਤੀ ਨੂੰ 5 ਗਰਾਮ 74 ਮਿਲੀਗ੍ਰਾਮ ਹੈਰੋਇਨ ਅਤੇ 20 ਹਜ਼ਾਰ ਰੁਪਏ ਦੀ ਡਰੱਗ ਮਨੀ ਸਮੇਤ ਗ੍ਰਿਫਤਾਰ ਕੀਤਾ ਹੈ। ਇਸ ਸੰਬੰਧੀ ਜਾਣਕਾਰੀ ਦਿੰਦਿਆਂ ਸੀ.ਆਈ.ਏ. ਸਟਾਫ ਕਾਲਾਂਵਾਲੀ ਦੇ ਇੰਚਾਰਜ ਵਰਿੰਦਰ ਸਿੰਘ ਨੇ ਦੱਸਿਆ ਕਿ ਫੜ੍ਹੇ ਗਏ ਨੌਜਵਾਨ ਦੀ ਪਛਾਣ ਸੁਖਜੀਤ ਸਿੰਘ ਉਰਫ ਗੋਰਾ ਵਾਸੀ ਘੁੱਕਿਆਂਵਾਲੀ ਵਜੋਂ ਹੋਈ ਹੈ। ਉਨ੍ਹਾਂ ਦੱਸਿਆ ਕਿ ਮੁਲਜ਼ਮ ਖਿਲਾਫ਼ ਨਾਰਕੋਟਿਕ ਐਕਟ ਤਹਿਤ ਔਢਾਂ ਥਾਣੇ ਵਿੱਚ ਕੇਸ ਦਰਜ ਕਰ ਲਿਆ ਗਿਆ ਹੈ। ਉਨ੍ਹਾਂ ਦੱਸਿਆ ਕਿ ਸਬ-ਇੰਸਪੈਕਟਰ ਮਹਿੰਦਰ ਸਿੰਘ ਨਸ਼ੀਲੇ ਪਦਾਰਥਾਂ ਦੀ ਤਫ਼ਤੀਸ਼ ਦੇ ਸਬੰਧ 'ਚ ਪਿੰਡ ਘੁੱਕਿਆਂਵਾਲੀ ਦੇ ਨਜ਼ਦੀਕ ਮੌਜੂਦ ਸਨ, ਜਦੋਂ ਸਬ-ਇੰਸਪੈਕਟਰ ਨੇ ਸ਼ੱਕ ਦੇ ਆਧਾਰ 'ਤੇ ਸਾਥੀ ਕਰਮਚਾਰੀਆਂ ਦੀ ਮਦਦ ਨਾਲ ਨੌਜਵਾਨ ਨੂੰ ਕਾਬੂ ਕਰਕੇ ਉਸਦੀ ਤਲਾਸ਼ੀ ਲਈ ਤਾਂ ਉਸ ਦੇ ਕਬਜ਼ੇ 'ਚੋਂ 5 ਗਰਾਮ 74 ਮਿਲੀਗਰਾਮ ਹੈਰੋਇਨ ਅਤੇ 20 ਹਜ਼ਾਰ ਰੁਪਏ ਦੀ ਡਰੱਗ ਮਨੀ ਬਰਾਮਦ ਹੋਈ ਹੈ। ਪੁਲਿਸ ਵਲੋਂ ਮੁਲਜ਼ਮ ਦੇ ਖਿਲਾਫ਼ ਅਗਲੇਰੀ ਕਾਰਵਾਈ ਕੀਤੀ ਜਾ ਰਹੀ ਹੈ।

## ਥਾਣਾ ਗੂਹਲਾ ਦੀ ਪੁਲਿਸ ਵਲੋਂ ਪੰਜ ਬੋਤਲਾਂ ਸ਼ਰਾਬ ਸਮੇਤ ਕਾਬੂ

ਗੂਹਲਾ-ਚੀਕਾ/ਕੈਥਲ, 8 ਦਸੰਬਰ (ਓ.ਪੀ. ਸੈਣੀ)- ਐੱਸ.ਪੀ. ਰਾਜੇਸ਼ ਕਾਲੀਆ ਦੇ ਹੁਕਮਾਂ 'ਤੇ ਨਾਜਾਇਜ਼ ਸ਼ਰਾਬ ਤਸਕਰਾਂ 'ਤੇ ਸ਼ਿਕੰਜਾ ਕੱਸਦੇ ਹੋਏ ਪੁਲਿਸ ਥਾਣਾ ਗੂਹਲਾ ਵਲੋਂ 1 ਦੋਸ਼ੀ ਨੂੰ ਸਵਾ ਪੰਜ ਬੋਤਲਾਂ ਹੱਥ ਕੱਢੀ ਸ਼ਰਾਬ ਸਮੇਤ ਕਾਬੂ ਕੀਤਾ ਗਿਆ। ਪੁਲਿਸ ਬੁਲਾਰੇ ਨੇ ਦੱਸਿਆ ਕਿ ਥਾਣਾ ਗੂਹਲਾ ਦੇ ਏ.ਐੱਸ.ਆਈ. ਵਿਕਾਸ ਕੁਮਾਰ ਦੀ ਟੀਮ ਨੇ ਦੁਪਹਿਰ ਵੇਲੇ ਭਾਟੀਆ ਬੰਨ੍ਹ ਨੇੜੇ ਨਾਕਾਬੰਦੀ ਕੀਤੀ ਹੋਈ ਸੀ। ਪਿੰਡ ਭਾਟੀਆ ਵਲੋਂ ਇਕ ਵਿਅਕਤੀ ਹੱਥ ਵਿਚ ਪਲਾਸਟਿਕ ਦੀ ਕੈਂਨੀ ਲੈ ਕੇ ਆਉਂਦਾ ਦੇਖਿਆ। ਜਿਸ ਨੂੰ ਪੁਲਿਸ ਨੇ ਕਾਬੂ ਕਰ ਲਿਆ, ਜਿਸ ਦੀ ਪਹਿਚਾਣ ਪਰਮਜੀਤ ਵਾਸੀ ਪਿੰਡ ਮਰੋੜੀ, ਜ਼ਿਲ੍ਹਾ ਪਟਿਆਲਾ ਪੰਜਾਬ ਵਜੋਂ ਹੋਈ ਹੈ। ਤਫ਼ਤੀਸ਼ ਦੌਰਾਨ ਮੁਲਜ਼ਮ ਦੇ ਕਬਜ਼ੇ 'ਚੋਂ ਪਲਾਸਟਿਕ ਦੀ ਕੈਂਨੀ 'ਚੋਂ ਸਵਾ ਪੰਜ ਬੋਤਲਾਂ ਹੱਥੀ ਸ਼ਰਾਬ ਬਰਾਮਦ ਹੋਈ। ਮੁਲਜ਼ਮਾਂ ਖ਼ਿਲਾਫ਼ ਥਾਣਾ ਗੂਹਲਾ ਵਿਚ ਕੇਸ ਦਰਜ ਕਰਕੇ ਅਗਲੇਰੀ ਕਾਰਵਾਈ ਅਮਲ ਵਿਚ ਲਿਆਂਦੀ ਜਾ ਰਹੀ ਹੈ।





ਪ੍ਰੋਗਰਾਮ 'ਚ ਖ਼ੂਨਦਾਨੀਆਂ ਨੂੰ ਉਤਸ਼ਾਹਿਤ ਕਰਦੇ ਮੁੱਖ ਮਹਿਮਾਨ ਕੁਮਾਰੀ ਸ਼ੈਲਜਾ ਤੇ ਹੋਰ ਅਤੇ ਸਮਾਗਮ ਦੌਰਾਨ ਪ੍ਰਬੰਧਕ ਕੁਮਾਰੀ ਸ਼ੈਲਜਾ ਦਾ ਸਨਮਾਨ ਕਰਦੇ ਹੋਏ। ਤਸਵੀਰਾਂ : ਪੰਨੀਵਾਲੀਆ

## ਭਗਤ ਨਾਮਦੇਵ ਨੇ ਸਰਬੱਤ ਦੇ ਭਲੇ ਲਈ ਕੰਮ ਕਰਕੇ ਲੋਕ ਸੇਵਾ ਲਈ ਪ੍ਰੇਰਿਤ ਕੀਤਾ- ਸ਼ੈਲਜਾ

ਕਾਲਾਂਵਾਲੀ/ਸਿਰਸਾ, 8 ਦਸੰਬਰ (ਭੁਪਿੰਦਰ ਪੰਨੀਵਾਲੀਆ)- ਸ਼੍ਰੋਮਣੀ ਭਗਤ ਨਾਮਦੇਵ ਟਾਂਕ ਖੱਤਰੀ ਸਭਾ ਵਲੋਂ ਸ਼੍ਰੋਮਣੀ ਭਗਤ ਨਾਮਦੇਵ ਜੀ ਦੇ 754ਵੇਂ ਆਗਮਨ ਪੁਰਬ ਸੁਖਚੈਨ ਰੋਡ 'ਤੇ ਉਸਾਰੀ ਅਧੀਨ ਧਰਮਸ਼ਾਲਾ 'ਚ ਸ਼ਰਧਾ ਪੂਰਵਕ ਮਨਾਇਆ ਗਿਆ। ਇਸ ਪ੍ਰੋਗਰਾਮ ਵਿਚ ਸਿਰਸਾ ਦੀ ਸੰਸਦ ਮੈਂਬਰ ਕੁਮਾਰੀ ਸ਼ੈਲਜਾ ਨੇ ਮੁੱਖ ਮਹਿਮਾਨ ਵਜੋਂ ਅਤੇ ਵਿਧਾਇਕ ਸ਼ੀਸ਼ਪਾਲ ਕੇਹਰਵਾਲਾ ਤੇ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਮੀਤ ਪ੍ਰਧਾਨ ਬਾਬਾ ਗੁਰਮੀਤ ਸਿੰਘ ਤਿਲੋਕੇਵਾਲਾ ਨੇ ਵਿਸ਼ੇਸ਼ ਮਹਿਮਾਨ ਵਜੋਂ ਸ਼ਿਰਕਤ ਕੀਤੀ। ਇਸ ਮੌਕੇ ਹਾਜ਼ਰ ਸੰਗਤਾਂ ਨੂੰ ਸੰਬੋਧਨ ਕਰਦਿਆਂ ਲੋਕ ਸਭਾ ਮੈਂਬਰ ਕੁਮਾਰੀ ਸ਼ੈਲਜਾ ਨੇ ਕਿਹਾ ਕਿ ਭਗਤ ਨਾਮਦੇਵ ਨੇ ਸਰਬੱਤ ਦੇ ਭਲੇ ਲਈ ਕੰਮ ਕਰਕੇ ਸਮਾਜ ਦੇ ਲੋਕਾਂ ਨੂੰ ਸੇਵਾ ਅਤੇ ਸਿਮਰਨ ਲਈ ਪ੍ਰੇਰਿਤ ਕੀਤਾ ਅਤੇ ਅੱਜ ਦੇ ਸਮਿਆਂ 'ਚ ਲੋਕ ਰਾਜਨੀਤੀ 'ਚ ਆ ਕੇ ਜਨਤਾ ਦੀ ਸੇਵਾ ਲਈ ਕੰਮ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਉਨ੍ਹਾਂ ਦੇ ਬਜ਼ੁਰਗਾਂ ਨੇ ਪਹਿਲਾਂ ਵੀ ਸੇਵਾ ਕਰਕੇ ਇਸ ਇਲਾਕੇ ਦੇ ਵਿਕਾਸ ਲਈ ਕੰਮ ਕੀਤਾ ਅਤੇ ਹੁਣ ਲੋਕਾਂ ਨੇ ਉਨ੍ਹਾਂ ਨੂੰ ਸੇਵਾ ਕਰਨ ਦਾ ਮੌਕਾ ਦਿੱਤਾ ਹੈ। ਉਨ੍ਹਾਂ ਦੀ ਕੋਸ਼ਿਸ਼ ਰਹੇਗੀ ਕਿ ਲੋਕਾਂ ਦੀਆਂ ਸਮੱਸਿਆਵਾਂ ਦਾ ਹੱਲ ਕੀਤਾ ਜਾਵੇ। ਇਸ ਦੌਰਾਨ ਉਨ੍ਹਾਂ ਧਰਮਸ਼ਾਲਾ ਵਿੱਚ ਸ਼ੈੱਡ ਬਣਾਉਣ ਲਈ ਸੰਸਦੀ ਫੰਡ 'ਚੋਂ 10 ਲੱਖ ਰੁਪਏ ਦੇਣ ਦਾ ਐਲਾਨ ਕੀਤਾ। ਇਸ ਮੌਕੇ ਹਾਜ਼ਰ ਲੋਕਾਂ ਨੂੰ ਸੰਬੋਧਨ ਕਰਦਿਆਂ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਮੀਤ ਪ੍ਰਧਾਨ ਸੰਤ ਗੁਰਮੀਤ ਸਿੰਘ ਤਿਲੋਕੇਵਾਲਾ ਨੇ ਕਿਹਾ ਕਿ ਉਨ੍ਹਾਂ ਕਿਹਾ ਕਿ ਭਗਤ ਨਾਮਦੇਵ ਜੀ ਨੇ ਆਪਣੀ ਸ਼ਰਧਾ ਨਾਲ ਕਈ ਵਾਰ ਪ੍ਰਮਾਤਮਾ ਦੇ ਦਰਸ਼ਨ ਕੀਤੇ। ਸਾਨੂੰ ਉਨ੍ਹਾਂ ਦੇ ਦਰਸਾਏ ਭਗਤੀ ਮਾਰਗ 'ਤੇ ਚੱਲ ਕੇ ਲੋਕਾਂ ਦੀ ਸੇਵਾ ਕਰਨੀ ਚਾਹੀਦੀ ਹੈ। ਸਮਾਗਮ ਦੌਰਾਨ ਸਭਾ ਵਲੋਂ ਜ਼ਿਲ੍ਹਾ ਰੈੱਡ ਕਰਾਸ ਸੁਸਾਇਟੀ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਚੈਰੀਟੇਬਲ ਬਲੱਡ ਸੈਂਟਰ ਬਠਿੰਡਾ ਦੇ ਸਹਿਯੋਗ ਨਾਲ 16ਵਾਂ ਖ਼ੂਨਦਾਨ ਕੈਂਪ ਵੀ ਲਾਇਆ ਗਿਆ, ਜਿਸ ਵਿਚ 66 ਵਿਅਕਤੀਆਂ ਨੇ ਖ਼ੂਨਦਾਨ ਕੀਤਾ। ਦੁਸਾਂਝ ਦਸਤਾਰ ਇੰਪਾਇਰ ਵਲੋਂ ਜਿੱਥੇ ਦਸਤਾਰ ਬੰਨ੍ਹਣ ਦਾ ਕੈਂਪ ਲਾਇਆ ਗਿਆ। ਇਸ ਦੌਰਾਨ ਸ਼ਹਿਰ ਦਾ ਨਾਂ ਰੌਸ਼ਨ ਕਰਨ ਵਾਲੇ ਹੋਣਹਾਰ ਬੱਚਿਆਂ ਨੂੰ ਯਾਦਗਾਰੀ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ ਗਿਆ। ਪ੍ਰੋਗਰਾਮ ਦੌਰਾਨ ਸਾਬਕਾ ਪ੍ਰਧਾਨ ਜੀ.ਪੀ. ਰਤਨ ਨੇ ਸਭਾ ਦੀਆਂ ਗਤੀਵਿਧੀਆਂ ਬਾਰੇ ਜਾਣਕਾਰੀ ਦਿੱਤੀ। ਇਸ ਮੌਕੇ ਕੁਲਦੀਪ ਸਿੰਘ ਗੁਦਰਾਣਾ, ਮਾਸਟਰ ਗੁਰਤੇਜ ਸਿੰਘ ਸੁਖਚੈਨ, ਰਵੀ ਦਾਨੇਵਾਲੀਆ, ਗੁਰਜੀਤ ਸਿੰਘ ਸ਼ਰਮਾ, ਮਾਸਟਰ ਸੁਖਦਰਸ਼ਨ ਸਿੰਘ, ਪ੍ਰਧਾਨ ਡਾ: ਦਰਸ਼ਨ ਸਿੰਘ ਰਤਨ, ਗੁਰਪ੍ਰੀਤ ਸਿੰਘ ਰਤਨ (ਜੀ.ਪੀ.), ਦਲਜੀਤ ਸਿੰਘ ਰਤਨ, ਜਗਦੇਵ ਸਿੰਘ ਰਤਨ, ਬਲਵਿੰਦਰ ਸਿੰਘ ਬਾਬਾ, ਐਡਵੋਕੇਟ ਸਤੀਸ਼ ਸਿੰਗਲਾ, ਨਿਹਾਲ ਸਿੰਘ ਕੈਥ, ਰਾਜੂ ਛਿੰਦਾ, ਸਿਕੰਦਰ ਸਿੰਘ ਬਾਹੀਆ, ਜਗਵਿੰਦਰ ਸਿੰਘ ਖਤਰਾਵਾਂ, ਸਤਿੰਦਰਜੀਤ ਸਿੰਘ ਸੋਨੀ, ਕਾਕਾ ਅਸੀਰ, ਕੇਸ਼ਵ ਗੋਇਲ ਸਮੇਤ ਕਈ ਲੋਕ ਮੌਜੂਦ ਸਨ।

## ਸੀਸ ਭੇਟ ਨਗਰ ਕੀਰਤਨ ਤੀਸਰੇ ਦਿਨ 'ਚ ਗੁਰਦੁਆਰਾ ਨਾਢਾ ਸਾਹਿਬ ਜ਼ੀਰਕਪੁਰ ਤੋਂ ਰਵਾਨਾ

ਗੂਹਲਾ-ਚੀਕਾ, 8 ਦਸੰਬਰ (ਓ.ਪੀ. ਸੈਣੀ)-ਅਮਰ ਸ਼ਹੀਦ ਬਾਬਾ ਜੀਵਨ ਸਿੰਘ ਜੀ ਭਾਈ ਜੈਤਾ ਜੀ ਦੀ ਕੁਰਬਾਨੀ ਨੂੰ ਯਾਦ ਕਰਦਿਆਂ ਰੰਘਰੇਟਾ ਨਿਹੰਗ ਸਿੰਘ ਜਥੇਬੰਦੀਆਂ ਵਲੋਂ ਹਰ ਸਾਲ ਨੌਵੇਂ ਪਾਤਿਸ਼ਾਹ ਦੀ ਸ਼ਹੀਦੀ ਵਾਲੇ ਦਿਨ ਦਿੱਲੀ ਦੇ ਸੀਸ ਗੰਜ ਗੁਰਦੁਆਰਾ ਸਾਹਿਬ ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸਰਪ੍ਰਸਤੀ ਤੇ ਪੰਜ ਪਿਆਰਿਆਂ ਦੀ ਅਗਵਾਈ 'ਚ ਰੰਘਰੇਟਾ ਨਿਹੰਗ ਸਿੰਘ ਜਥੇਬੰਦੀਆਂ ਵਲੋਂ ਅਨੰਦਪੁਰ ਸਾਹਿਬ ਤੱਕ ਇਕ ਵਿਸ਼ਾਲ ਸੀਸ ਭੇਟ ਨਗਰ ਕੀਰਤਨ ਸਜਾਏ ਜਾਣ ਵਾਲੀ ਮਰਯਾਦਾ ਤਹਿਤ ਇਹ ਨਗਰ ਕੀਰਤਨ 6 ਦਸੰਬਰ ਨੂੰ ਸੀਸ ਗੰਜ ਗੁਰਦੁਆਰਾ ਸਾਹਿਬ ਤੋਂ ਅਰੰਭ ਹੋਇਆ ਤੇ ਰਾਤਰੀ ਵਿਸ਼ਰਾਮ ਗੁਰਦੁਆਰਾ ਸੀਸ ਗੰਜ ਸਾਹਿਬ ਤਰਾਵੜੀ ਕੀਤਾ ਗਿਆ, 7 ਦਸੰਬਰ ਦੂਜੇ ਦਿਨ 'ਚ ਨੂੰ ਤਰਾਵੜੀ ਤੋਂ ਆਰੰਭ ਹੋ ਕੇ ਰਾਤ ਦੇ ਵਿਸ਼ਰਾਮ ਗੁਰਦੁਆਰਾ ਨਾਢਾ ਸਾਹਿਬ ਜ਼ੀਰਕਪੁਰ ਕੀਤੇ ਗਏ ਅਤੇ ਅੱਜ ਤੀਜੇ ਗੇੜ 'ਚ ਨਗਰ ਕੀਰਤਨ ਗੁਰਦੁਆਰਾ ਨਾਢਾ ਸਾਹਿਬ ਜ਼ੀਰਕਪੁਰ ਤੋਂ ਅਰੰਭ ਹੋ ਕੇ ਏਅਰਪੋਰਟ ਰੋਡ ਈਸਰ ਕੰਪਨੀ ਤੋਂ ਹੁੰਦਾ ਹੋਇਆ ਫ਼ੇਜ਼ 11 ਦੇ ਗੁਰਦੁਆਰਾ ਸਿੰਘ ਤੋਂ ਹੁੰਦਾ ਹੋਇਆ ਗੁਰਦੁਆਰਾ ਨਾਮਦੇਵ ਜੀ ਫ਼ੇਜ਼ 10 ਤੋਂ ਗੁਰਦੁਆਰਾ ਸ਼ਹੀਦਾਂ ਸੁਹਾਣਾ ਤੋਂ ਗੁਰਦੁਆਰਾ ਅੰਬ ਸਾਹਿਬ ਫ਼ੇਜ਼ 8 ਤੋਂ ਗੁਰਦੁਆਰਾ ਸਿੰਘ ਸਭਾ ਰਵਿਦਾਸ ਟੈਂਪਲ ਫ਼ੇਜ਼ 8 ਗੁਰਦੁਆਰਾ ਸੱਚਾ ਧੰਨ ਤਪੀ, ਤੋਂ ਹੁੰਦਾ ਹੋਇਆ ਗੁਰਦੁਆਰਾ ਸ਼ਹੀਦ ਬਾਬਾ ਜੀਵਨ ਸਿੰਘ ਫ਼ੇਜ਼ 3 ਏ ਖੀਰ ਲਾਂਡਰਾਂ ਦੇ ਰਸਤੇ ਤੋਂ ਹੁੰਦਾ ਹੋਇਆ ਰਾਤ ਦਾ ਵਿਸ਼ਰਾਮ ਗੁਰਦੁਆਰਾ ਫ਼ਤਿਹਗੜ੍ਹ ਸਾਹਿਬ ਵਿਖੇ ਕਰੇਗਾ, ਅੱਜ ਨਾਢਾ ਸਾਹਿਬ ਜ਼ੀਰਕਪੁਰ ਤੋਂ ਰਵਾਨਗੀ ਮੌਕੇ ਬੋਲਦਿਆਂ ਨਗਰ ਕੀਰਤਨ ਦੇ ਪ੍ਰਬੰਧਕੀ ਚੇਅਰਮੈਨ ਜਥੇਦਾਰ ਬਾਬਾ ਬਲਦੇਵ ਸਿੰਘ ਵੱਲਾ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੋਂ ਮੰਗ ਕੀਤੀ ਕਿ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੀ ਸ਼ਹੀਦੀ ਨੂੰ ਸਮਰਪਿਤ ਇਕ ਵਿਸ਼ਾਲ ਨਗਰ ਕੀਰਤਨ ਆਗਰਾ ਤੋਂ ਦਿੱਲੀ ਤੱਕ ਸਜਾਉਣ ਲਈ ਰੰਘਰੇਟਾ ਨਿਹੰਗ ਸਿੰਘ ਜਥੇਬੰਦੀਆਂ ਨੂੰ ਮਨਜ਼ੂਰੀ ਦਿੱਤੀ ਜਾਵੇ, ਕਿਉਂਕਿ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਨੇ ਦਿੱਲੀ ਸ਼ਹਾਦਤ ਦੇਣ ਤੋਂ ਪਹਿਲਾਂ ਆਗਰੇ ਤੋਂ ਆਪਣੇ ਆਪ ਨੂੰ ਹਕੂਮਤ ਦੇ ਹਵਾਲੇ ਕੀਤਾ ਸੀ ਅਤੇ ਉੱਥੋਂ ਹੀ ਉਨ੍ਹਾਂ ਨੂੰ ਗ੍ਰਿਫ਼ਤਾਰ ਕਰਕੇ ਸ਼ਹੀਦੀ ਵਾਲੀ ਜਗ੍ਹਾ ਚਾਂਦਨੀ ਚੌਕ ਦਿੱਲੀ ਵਿਖੇ ਲਿਆਂਦਾ ਗਿਆ ਸੀ, ਇਸ ਸੰਬੰਧੀ ਜਾਣਕਾਰੀ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਖ਼ਾਲਸਾ ਦੇ ਕੌਮੀ ਪ੍ਰਧਾਨ ਭਾਈ ਵਿਰਸਾ ਸਿੰਘ ਖ਼ਾਲਸਾ ਤੇ ਨਗਰ ਕੀਰਤਨ ਦੇ ਮੀਡੀਆ ਇੰਚਾਰਜ ਭਾਈ ਵਿਰਸਾ ਸਿੰਘ ਖ਼ਾਲਸਾ ਨੇ ਇਕ ਲਿਖਤੀ ਪ੍ਰੈੱਸ ਬਿਆਨ ਰਾਹੀਂ ਦਿੱਤੀ, ਉਨ੍ਹਾਂ ਕਿਹਾ ਨੌਵੇਂ ਪਾਤਿਸ਼ਾਹ ਦੀ ਸ਼ਹੀਦੀ ਤੇ ਸ਼ਹੀਦ ਬਾਬਾ ਜੀਵਨ ਸਿੰਘ (ਭਾਈ ਜੈਤਾ) ਜੀ ਵਲੋਂ ਕੀਤੀ ਕੁਰਬਾਨੀ ਨੂੰ ਯਾਦ ਕਰਦਿਆਂ ਰੰਘਰੇਟਾ ਨਿਹੰਗ ਸਿੰਘ ਜਥੇਬੰਦੀਆਂ ਦੇ ਆਗੂ ਤੇ ਨਗਰ ਕੀਰਤਨ ਦੇ ਸਰਪ੍ਰਸਤ ਜਥੇਦਾਰ ਬਾਬਾ ਮੇਜਰ ਸਿੰਘ ਸੋਢੀ ਸਾਹਿਬ, ਜਥੇਦਾਰ ਬਾਬਾ ਬਲਦੇਵ ਸਿੰਘ ਵੱਲਾ, ਜਥੇਦਾਰ ਬਾਬਾ ਸੁਖਪਾਲ ਸਿੰਘ ਫੂਲ, ਜਥੇਦਾਰ ਬਾਬਾ ਬਲਦੇਵ ਸਿੰਘ ਮੁਸਤਫ਼ਾ ਪੁਰ, ਜਥੇਦਾਰ ਬਾਬਾ ਸਤਨਾਮ ਸਿੰਘ ਖਾਪੜਖੇੜੀ ਪ੍ਰਧਾਨ, ਜਥੇਦਾਰ ਬਾਬਾ ਪ੍ਰਗਟ ਸਿੰਘ ਮਜੀਠਾ ਬਾਈਪਾਸ ਜਥੇਦਾਰ ਹਰਜਿੰਦਰ ਸਿੰਘ ਮੁਕਤਸਰ ਤੇ ਜਥੇਦਾਰ ਬਾਬਾ ਬਲਬੀਰ ਸਿੰਘ ਖਾਪੜਖੇੜੀ ਆਦਿ ਤੋਂ ਇਲਾਵਾ 45 ਰੰਘਰੇਟਾ ਨਿਹੰਗ ਸਿੰਘ ਜਥੇਬੰਦੀਆਂ ਵਲੋਂ ਇਹ ਨਗਰ ਕੀਰਤਨ ਸਜਾਉਣ ਸਮੇਂ ਅਤੇ ਲੋਕਾਂ ਦੀ ਮੁੱਖ ਮੰਗ ਸੀ, ਭਾਈ ਖ਼ਾਲਸਾ ਨੇ ਦੱਸਿਆ 6 ਦਸੰਬਰ ਨੂੰ ਦਿੱਲੀ ਦੇ ਸੀਸ ਗੰਜ ਗੁਰਦੁਆਰਾ ਸਾਹਿਬ ਤੋਂ ਅਰੰਭ ਹੋਇਆ ਇਹ ਸੀਸ ਭੇਟ ਨਗਰ ਕੀਰਤਨ ਨੂੰ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ, ਹਰਿਆਣਾ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਪੂਰਾ ਪੂਰਾ ਸੰਯੋਗ ਦਿੱਤਾ ਜਾ ਰਿਹਾ। ਇਹ ਨਗਰ ਕੀਰਤਨ 10 ਦਸੰਬਰ ਨੂੰ ਅਨੰਦਪੁਰ ਸਾਹਿਬ ਵਿਖੇ ਪਹੁੰਚੇਗਾ ਅਤੇ ਭਾਰੀ ਧਾਰਮਿਕ ਦੀਵਾਨ ਸਜਾਏ ਜਾਣਗੇ।



ਗੁਰਦੁਆਰਾ ਨਾਢਾ ਸਾਹਿਬ ਤੋਂ ਨਗਰ ਕੀਰਤਨ ਰਵਾਨਾ ਹੁੰਦੇ ਹੋਏ। ਤਸਵੀਰ : ਓ.ਪੀ. ਸੈਣੀ

## ਸੜਕ ਹਾਦਸੇ 'ਚ ਇਕ ਨਾਬਾਲਗ ਦੀ ਮੌਤ, ਦੂਸਰਾ ਗੰਭੀਰ ਜ਼ਖ਼ਮੀ

ਮੰਡੀ ਰੋੜਾਂਵਾਲੀ, 8 ਦਸੰਬਰ (ਮਨਜੀਤ ਸਿੰਘ ਬਰਾੜ)-ਈਸਟਰਨ ਕੈਨਾਲ ਨਹਿਰ ਉੱਪਰ ਹੋਏ ਮੋਟਰਸਾਈਕਲ ਐਕਸੀਡੈਂਟ 'ਚ ਇਕ ਲੜਕੇ ਦੀ ਮੌਤ ਹੋ ਗਈ, ਜਦ ਕਿ ਇਕ ਲੜਕੇ ਦੇ ਗੰਭੀਰ ਜ਼ਖ਼ਮੀ ਹੋਣ ਦੀ ਖ਼ਬਰ ਹੈ। ਮਿਲੀ ਜਾਣਕਾਰੀ ਅਨੁਸਾਰ ਸੁਪਨਦੀਪ ਪੁੱਤਰ ਜਤਿੰਦਰ ਸਿੰਘ ਵਾਸੀ ਚੱਕ ਜਾਨੀਸਰ ਆਪਣੇ ਸਾਥੀ ਆਕਾਸ਼ਦੀਪ ਪੁੱਤਰ ਪਰਮਿੰਦਰ ਸਿੰਘ ਪਿੰਦਾ ਮੋਟਰਸਾਈਕਲ ਉੱਪਰ ਸਵਾਰ ਹੋ ਕੇ ਲੱਧੂਵਾਲਾ ਉਤਾੜ ਸਾਈਡ ਤੋਂ ਈਸਟਰਨ ਕੈਨਾਲ ਨਹਿਰ ਉੱਪਰ ਬਣੀ ਸੜਕ 'ਤੇ ਆਪਣੇ ਪਿੰਡ ਚੱਕ ਜਾਨੀਸਰ ਨੂੰ ਆ ਰਹੇ ਸਨ। ਚੱਕ ਸੁਹੇਲੇ ਵਾਲਾ ਦੇ ਨਜ਼ਦੀਕ ਈਸਟਰਨ ਕੈਨਾਲ ਨਹਿਰ ਉੱਪਰ ਪਟਰੋਲ ਪੰਪ ਦੇ ਨੇੜੇ ਕਿਸੇ ਅਣਪਛਾਤੇ ਵਹੀਕਲ ਨਾਲ ਉਨ੍ਹਾਂ ਦਾ ਐਕਸੀਡੈਂਟ ਹੋ ਗਿਆ। ਜਿਸ ਦੌਰਾਨ ਸੁਪਨਦੀਪ ਦੀ ਮੌਕੇ 'ਤੇ ਹੀ ਮੌਤ ਹੋ ਗਈ ਜਦ ਕਿ ਉਸ ਦਾ ਦੂਸਰਾ ਸਾਥੀ ਆਕਾਸ਼ਦੀਪ ਗੰਭੀਰ ਰੂਪ 'ਚ ਜ਼ਖ਼ਮੀ ਹੋ ਗਿਆ। ਜਖ਼ਮੀ ਆਕਾਸ਼ਦੀਪ ਨੂੰ ਇਲਾਜ ਲਈ ਆਦੇਸ਼ ਹਸਪਤਾਲ ਭੁੱਚੋ ਵਿਖੇ ਦਾਖਲ ਕਰਵਾਇਆ ਗਿਆ ਹੈ। ਲੱਧੂਵਾਲਾ ਉਤਾੜ ਪੁਲਿਸ ਵਲੋਂ ਮੌਕੇ 'ਤੇ ਪਹੁੰਚ ਕੇ ਅਗਲੀ ਕਾਰਵਾਈ ਕੀਤੀ ਜਾ ਰਹੀ ਹੈ। ਦੋਵੇਂ ਨੌਜਵਾਨ ਲੜਕੇ ਨਾਬਾਲਗ ਦੱਸੇ ਜਾ ਰਹੇ ਹਨ।



ਹਾਦਸੇ 'ਚ ਜ਼ਖ਼ਮੀ ਹੋਇਆ ਨੌਜਵਾਨ। ਤਸਵੀਰ-ਮਨਜੀਤ ਸਿੰਘ ਬਰਾੜ

## ਮਹਾਰਾਜ ਬੀਰੇਂਦਰ ਸਿੰਘ ਦੀ ਵੀਡੀਓ ਵਾਇਰਲ ਕਰਨ ਲਈ ਮੰਗੀ ਸੰਗਤ ਤੋਂ ਮੁਆਫ਼ੀ

ਕਾਲਾਂਵਾਲੀ/ਸਿਰਸਾ, 8 ਦਸੰਬਰ (ਭੁਪਿੰਦਰ ਪੰਨੀਵਾਲੀਆ)- ਡੇਰਾ ਜਗਮਾਲਵਾਲੀ ਦੇ ਸ਼ਰਧਾਲੂ ਵਰਜੀਤ ਸਾਗਰ ਨੇ ਮਹਾਤਮਾ ਬੀਰੇਂਦਰ ਸਿੰਘ ਦੇ ਖਿਲਾਫ਼ ਗੀਤ ਨੂੰ ਐਡਿਟ ਕਰਨ ਅਤੇ ਮਹਾਰਾਜ ਵਕੀਲ ਸਾਹਿਬ ਦੇ ਚੋਲਾ ਛੱਡਣ ਤੋਂ ਬਾਅਦ ਵਾਇਰਲ ਕਰਨ ਦੇ ਆਪਣੇ ਗਲਤ ਇਰਾਦਿਆਂ ਲਈ ਮੁਆਫ਼ੀ ਮੰਗੀ ਹੈ। ਉੱਤਰ ਪ੍ਰਦੇਸ਼ ਦੇ ਬਦਾਊਂ ਜ਼ਿਲ੍ਹੇ ਦੇ ਪਿੰਡ ਗੜਗਈਆ ਗੌਂਟੀਆ ਦੇ ਵਾਸੀ ਵਰਜੀਤ ਸਾਗਰ ਨੇ ਮਸਤਾਨਾ ਸ਼ਾਹ ਬਲੋਚਿਸਤਾਨੀ ਆਸ਼ਰਮ, ਡੇਰਾ ਜਗਮਾਲਵਾਲੀ 'ਚ ਪਹੁੰਚ ਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਉਸ ਦਾ ਪਰਿਵਾਰ ਕਰੀਬ 30 ਸਾਲਾਂ ਤੋਂ ਡੇਰੇ ਨਾਲ ਜੁੜਿਆ ਹੋਇਆ ਹੈ। ਬੀਤੀ 1 ਅਗਸਤ ਨੂੰ ਸੰਤ ਬਹਾਦਰ ਚੰਦ ਵਕੀਲ ਸਾਹਿਬ ਆਪਣਾ ਚੋਲਾ ਤਿਆਗ ਗਏ ਸਨ ਅਤੇ 2 ਅਗਸਤ ਨੂੰ ਹੋਏ ਵਿਵਾਦ ਕਾਰਨ ਡੇਰੇ ਵਿੱਚ ਮਾਹੌਲ ਖ਼ਰਾਬ ਹੋ ਗਿਆ ਸੀ। ਇਸ ਮਾਹੌਲ ਵਿਚ ਉਸ ਦੀਆਂ ਭਾਵਨਾਵਾਂ ਗਲਤ ਇਰਾਦਿਆਂ ਵੱਲ ਵਧ ਗਈਆਂ ਅਤੇ ਉਸ ਨੇ ਨਵੇਂ ਸਾਲ ਦੇ ਮੌਕੇ 'ਤੇ 31 ਦਸੰਬਰ ਨੂੰ ਆਯੋਜਿਤ ਪ੍ਰੋਗਰਾਮ ਵਿਚ ਮਹਾਤਮਾ ਬੀਰੇਂਦਰ ਵਲੋਂ ਮਹਾਰਾਜ ਵਕੀਲ ਸਾਹਿਬ ਦੇ ਸਾਹਮਣੇ ਇਕ ਗੀਤ ਗਾਉਂਦੇ ਹੋਏ ਵੀਡੀਓ ਨਾਲ ਛੇੜਛਾੜ ਕੀਤੀ ਅਤੇ ਫਿਰ ਗੀਤ ਨੂੰ ਬਦਲ ਦਿੱਤਾ ਤੇ ਇਸ ਨੂੰ ਪੋਸਟ ਕੀਤਾ। ਵਰਜੀਤ ਸਾਗਰ ਨੇ ਦੱਸਿਆ ਕਿ ਉਹ ਸਮੇਂ ਦੇ ਚੱਕਰਵਿਊ ਵਿਚ ਏਨਾ ਫਸ ਗਿਆ ਕਿ ਝੂਠ ਨੂੰ ਸੱਚ ਕਹਿ ਕੇ ਵਾਇਰਲ ਵੀ ਕਰ ਦਿੱਤਾ ਗਿਆ, ਜਿਸ ਨੂੰ ਦੋ ਲੱਖ ਤੋਂ ਵੱਧ ਲੋਕਾਂ ਨੇ ਦੇਖਿਆ। ਇਸ ਤੋਂ ਬਾਅਦ ਇੱਕ ਹਫ਼ਤੇ ਦੌਰਾਨ ਮੈਨੂੰ ਆਪਣੀ ਗਲਤੀ ਦਾ ਅਹਿਸਾਸ ਹੋਇਆ, ਮੇਰੇ ਮਨ ਵਿੱਚ ਅਜੇ ਵੀ ਪਛਤਾਵਾ ਹੈ। ਇੱਕ ਹਫ਼ਤਾ ਪਹਿਲਾਂ ਉਸ ਨੇ ਫੈਸਲਾ ਕੀਤਾ ਕਿ ਉਹ ਸਤਿਗੁਰੂ ਤੋਂ ਆਪਣੀ ਗਲਤੀ ਲਈ ਮੁਆਫੀ ਮੰਗ ਲਵੇ ਅਤੇ ਉਸ ਨੇ ਇਸ ਸੰਬੰਧ ਵਿੱਚ ਫੇਸਬੁੱਕ 'ਤੇ ਇੱਕ ਪੋਸਟ ਵੀ ਪਾਈ ਸੀ। ਅੱਜ ਮੈਂ ਸਤਿਗੁਰੂ ਦੇ ਦਰਬਾਰ 'ਚ ਆਇਆ ਹਾਂ। ਜਿੱਥੇ ਉਸ ਨੇ ਆਪਣੇ ਕੀਤੇ ਦੀ ਗੁਨਾਹ ਮੁਆਫੀ ਮੰਗੀ ਹੈ।



ਡੇਰਾ ਜਗਮਾਲਵਾਲੀ 'ਚ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਵਰਜੀਤ ਸਾਗਰ। ਤਸਵੀਰ : ਪੰਨੀਵਾਲੀਆ



ਫੜੀ ਗਈ ਹੈਰੋਇਨ ਦੇ ਨਾਲ ਕਾਊਂਟਰ ਇੰਟੈਲੀਜੈਂਸ ਫ਼ਿਰੋਜ਼ਪੁਰ, ਬੀ.ਐਸ.ਐਫ., ਪੰਜਾਬ ਪੁਲਿਸ ਤੇ ਹੋਰ ਵਿਭਾਗਾਂ ਦੇ ਅਧਿਕਾਰੀ ਤੇ ਮੁਲਾਜ਼ਮ। ਤਸਵੀਰ-ਜਤਿੰਦਰ ਪਾਲ ਸਿੰਘ



ਚਿੱਤਰਕਾਰ ਕ੍ਰਿਸ਼ਨ ਸਿੰਘ ਦਾ ਸਨਮਾਨ ਕਰਦੇ ਹੋਏ ਲੋਕ। ਤਸਵੀਰ : ਬੇਅੰਤ ਕੌਰ ਮੰਡੇਰ

## ਗੁਰੂ ਗੋਬਿੰਦ ਸਿੰਘ ਜੀ ਤੇ ਪਰਿਵਾਰ ਦੇ ਵਿਛੋੜੇ ਨੂੰ ਸਮਰਪਿਤ ਸਿੱਖ ਇਤਿਹਾਸ ਦੀਆਂ ਪੇਂਟਿੰਗਾਂ ਦੀ ਪ੍ਰਦਰਸ਼ਨੀ

ਰਤੀਆ, 8 ਦਸੰਬਰ (ਬੇਅੰਤ ਕੌਰ ਮੰਡੇਰ)- ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਕੁੱਲਰੀਆਂ ਵਿਖੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਅਤੇ ਉਨ੍ਹਾਂ ਦੇ ਪਰਿਵਾਰ ਦੇ ਵਿਛੋੜੇ ਨੂੰ ਸਮਰਪਿਤ ਸਮਾਗਮ ਦਾ ਆਯੋਜਨ ਪ੍ਰਿੰਸੀਪਲ ਮਨਦੀਪ ਸਿੰਘ ਦੀ ਅਗਵਾਈ ਵਿਚ ਕੀਤਾ ਗਿਆ। ਇਸ ਮੌਕੇ ਸਕੂਲ ਦੇ ਵਿਦਿਆਰਥੀਆਂ ਨੇ ਪੰਜਾਬੀ ਸਭਿਆਚਾਰ ਅਤੇ ਗੁਰੂ ਇਤਿਹਾਸ ਨੂੰ ਸਮਰਪਿਤ ਗੀਤ, ਲੋਕ ਗੀਤ, ਨਾਟਕ ਸਮੇਤ ਵੱਖ ਵੱਖ ਵੰਨਗੀਆਂ ਪੇਸ਼ ਕਰਕੇ ਸਭ ਨੂੰ ਮੰਤਰ ਮੁਗਧ ਕਰ ਦਿੱਤਾ। ਸਕੂਲ ਦੀ ਲਾਇਬ੍ਰੇਰੀ ਵਿਚ ਚਿੱਤਰਕਾਰ ਕ੍ਰਿਸ਼ਨ ਸਿੰਘ ਰਤੀਆ ਵਲੋਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਅਤੇ ਉਨ੍ਹਾਂ ਦੇ ਪਰਿਵਾਰ ਦੇ ਵਿਛੋੜੇ ਨੂੰ ਸਮਰਪਿਤ ਸਿੱਖ ਇਤਿਹਾਸ ਦੀਆਂ ਪੇਂਟਿੰਗਾਂ ਦੀ ਪ੍ਰਦਰਸ਼ਨੀ ਲਗਾਈ ਗਈ, ਜਿਸ ਦਾ ਉਦਘਾਟਨ ਲੈਕਚਰਾਰ ਸਰਦੂਲ ਸਿੰਘ ਚਹਿਲ, ਪ੍ਰਿੰਸੀਪਲ ਕਸ਼ਮੀਰ ਸਿੰਘ ਵਲੋਂ ਕੀਤਾ ਗਿਆ। ਸਕੂਲ ਦੇ ਪ੍ਰਿੰਸੀਪਲ ਮਨਦੀਪ ਸਿੰਘ, ਸਾਬਕਾ ਪ੍ਰਿੰਸੀਪਲ ਦਰਸ਼ਨ ਸਿੰਘ ਬਰੇਟਾ, ਸਾਹਿਤਕਾਰ ਡਾ: ਨਾਇਬ ਸਿੰਘ ਮੰਡੇਰ, ਕੈਪਟਨ ਗੁਰਮੁਖ ਸਿੰਘ ਭੁੱਲਰ ਵਿਸ਼ੇਸ਼ ਤੌਰ ਤੇ ਸ਼ਾਮਿਲ ਹੋਏ। ਅਧਿਆਪਕ ਅਤੇ ਨਾਵਲਕਾਰ ਪ੍ਰਗਟ ਸਿੰਘ ਸਰੋਏ ਦੀ ਅਗਵਾਈ ਵਿਚ ਸਮੂਹ ਸਕੂਲ ਸਟਾਫ਼ ਅਤੇ ਪਿੰਡ ਦੇ ਸਮੂਹ ਸਕੂਲਾਂ ਦੇ ਬੱਚਿਆਂ ਨੇ ਪੰਜਾਬੀ ਦਿਵਸ ਮੌਕੇ ਰੰਗਾਰੰਗ ਪ੍ਰੋਗਰਾਮ ਪੇਸ਼ ਕੀਤਾ। ਇਸ ਮੌਕੇ ਸਿੱਖ ਇਤਿਹਾਸ ਦੀਆਂ ਪੇਂਟਿੰਗਾਂ ਦੀ ਪ੍ਰਦਰਸ਼ਨੀ ਦਾ ਅਨੰਦ ਮਾਣਿਆ। ਪ੍ਰਸਿੱਧ ਚਿੱਤਰਕਾਰ ਕ੍ਰਿਸ਼ਨ ਸਿੰਘ ਨੂੰ ਉੱਤਮ ਕਲਾ ਪੁਰਸਕਾਰ ਦੇ ਕੇ ਦੇ ਕੇ ਸਨਮਾਨਿਤ ਕੀਤਾ ਗਿਆ। ਸਾਹਿਤਕਾਰ ਡਾ. ਮੰਡੇਰ ਨੂੰ ਅਦਬੀ ਸਨਮਾਨ ਦਿੱਤਾ ਗਿਆ। ਇਸ ਮੌਕੇ ਪ੍ਰਿੰਸੀਪਲ ਮਨਦੀਪ ਸਿੰਘ, ਕਲਾ ਅਧਿਆਪਕ ਪਰਗਟ ਸਿੰਘ, ਲੀਲਾਰਾਮ, ਸੁਰਿੰਦਰ ਕੌਰ, ਜਗਦੀਪ ਸਿੰਘ ਪੰਜਾਬੀ ਅਧਿਆਪਕ, ਕੁਲਜੀਤ ਪਾਠਕ, ਅਮਰੀਕ ਸਿੰਘ, ਬੂਟਾ ਸਿੰਘ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ। ਸਰਕਾਰੀ ਮਾਡਲ ਸਕੂਲ ਦੇ ਪ੍ਰਿੰਸੀਪਲ ਨਰਸੀ ਸਿੰਘ, ਰਾਜੀਵ ਕੁਮਾਰ ਪਰਮਿੰਦਰ ਸਿੰਘ, ਸਰਪੰਚ ਓਮ ਪ੍ਰਕਾਸ਼ ਸਮੁੱਚੀ ਪੰਚਾਇਤ ਮੁਕੇਸ਼ ਕੁਮਾਰ ਐਸ.ਐਮ.ਸੀ ਪ੍ਰਧਾਨ, ਗੁਰੂ ਘਰ ਸਿੰਘ ਸਭਾ ਕਮੇਟੀ, ਗਊਸ਼ਾਲਾ ਕਮੇਟੀ ਡਡਿਆਵਾਲਾ, ਪੀਰ ਕਮੇਟੀ, ਸਰਕਾਰੀ ਪ੍ਰਾਇਮਰੀ ਸਕੂਲ ਨਵਾਂ ਗਾਂਓ, ਪ੍ਰਾਇਮਰੀ ਸਕੂਲ ਕੁੱਲਰੀਆਂ ਦੇ ਬੱਚਿਆਂ ਸਮੇਤ ਇਲਾਕੇ ਦੇ ਮੁਹਤਬਰ ਲੋਕ ਸ਼ਾਮਲ ਹੋਏ।

## ਟਰੈਫਿਕ ਪੁਲਿਸ ਨੇ ਮੋਡੀਫਾਈਡ ਮੋਟਰਸਾਈਕਲ ਕੀਤਾ ਜ਼ਬਤ

ਕਾਲਾਂਵਾਲੀ/ਸਿਰਸਾ, 8 ਦਸੰਬਰ (ਭੁਪਿੰਦਰ ਪੰਨੀਵਾਲੀਆ)- ਟਰੈਫਿਕ ਪੁਲੀਸ ਕਾਲਾਂਵਾਲੀ ਨੇ ਟਰੈਫਿਕ ਨਿਯਮਾਂ ਦੀ ਪਾਲਣਾ ਨਾ ਕਰਨ ਵਾਲੇ 17 ਵਾਹਨਾਂ ਦੇ ਟਰੈਫਿਕ ਇੰਚਾਰਜ ਭੂਪ ਸਿੰਘ ਵਲੋਂ ਚਲਾਨ ਕੀਤੇ ਗਏ। ਇਸ ਸਬੰਧੀ ਟਰੈਫਿਕ ਇੰਚਾਰਜ ਭੂਪ ਸਿੰਘ ਨੇ ਦੱਸਿਆ ਕਿ ਪੁਲੀਸ ਸੁਪਰਡੈਂਟ ਡੱਬਵਾਲੀ ਦੇ ਹੁਕਮਾਂ ਅਨੁਸਾਰ ਮੋਟਰ ਵਹੀਕਲ ਐਕਟ ਦੀ ਪਾਲਣਾ ਨਾ ਕਰਨ ਵਾਲੇ ਵਾਹਨ ਚਾਲਕਾਂ ਦੇ 17 ਵਾਹਨਾਂ ਦੇ ਚਲਾਨ ਕੀਤੇ ਗਏ ਹਨ ਜਿਹਨਾਂ ਵਿੱਚ ਇਕ ਮੋਡੀਫਾਈ ਕੀਤਾ ਮੋਟਰਸਾਈਕਲ ਵੀ ਸ਼ਾਮਿਲ ਹੈ। ਉਹਨਾਂ ਕਿਹਾ ਕਿ ਭਵਿੱਖ ਵਿੱਚ ਨਿਯਮਾਂ ਦੀ ਪਾਲਣਾ ਨਾ ਕਰਨ ਵਾਲੇ ਵਾਹਨ ਚਾਲਕਾਂ ਨਾਲ ਸਖ਼ਤੀ ਨਾਲ ਨਜਿੱਠਿਆ ਜਾਵੇਗਾ ਅਤੇ ਮੋਟਰ ਵਹੀਕਲ ਐਕਟ ਤਹਿਤ ਨਿਯਮਾਂ ਅਨੁਸਾਰ ਕਾਰਵਾਈ ਕੀਤੀ ਜਾਵੇਗੀ।

## ਮੋਟਰਸਾਈਕਲ ਚੋਰੀ ਦੇ ਮਾਮਲੇ 'ਚ ਇਕ ਗ੍ਰਿਫ਼ਤਾਰ

ਗੂਹਲਾ-ਚੀਕਾ/ਕੈਥਲ, 8 ਦਸੰਬਰ (ਓ.ਪੀ. ਸੈਣੀ)-ਐੱਸ.ਪੀ. ਰਾਜੇਸ਼ ਕਾਲੀਆ ਦੀਆਂ ਹਦਾਇਤਾਂ ਅਨੁਸਾਰ ਐਂਟੀ ਵਹੀਕਲ ਥੈਫਟ ਸਟਾਫ਼ ਵਲੋਂ ਮੋਟਰਸਾਈਕਲ ਚੋਰੀ ਦੇ ਦੋਸ਼ੀਆਂ ਖ਼ਿਲਾਫ਼ ਸ਼ਿਕੰਜਾ ਕੱਸਦੇ ਹੋਏ ਇਕ ਦੋਸ਼ੀ ਨੂੰ ਕਾਬੂ ਕੀਤਾ ਗਿਆ। ਪੁਲਿਸ ਬੁਲਾਰੇ ਨੇ ਦੱਸਿਆ ਕਿ ਟਿਊਂਠਾ ਵਾਸੀ ਰਾਜਬੀਰ ਦੀ ਸ਼ਿਕਾਇਤ ਅਨੁਸਾਰ 16 ਸਤੰਬਰ ਨੂੰ ਅਨਾਜ ਮੰਡੀ ਪੁੰਡਰੀ ਵਿਚੋਂ ਕੋਈ ਅਣਪਛਾਤਾ ਵਿਅਕਤੀ ਉਸ ਦਾ ਮੋਟਰਸਾਈਕਲ ਚੋਰੀ ਕਰ ਕੇ ਲੈ ਗਿਆ ਸੀ। ਜਿਸ ਸੰਬੰਧੀ ਪੁੰਡਰੀ ਥਾਣੇ 'ਚ ਕੇਸ ਦਰਜ ਕੀਤਾ ਗਿਆ ਸੀ। ਬੁਲਾਰੇ ਨੇ ਦੱਸਿਆ ਕਿ ਇਸ ਮਾਮਲੇ ਦੀ ਤਫ਼ਤੀਸ਼ ਕਰਦੇ ਹੋਏ ਐਂਟੀ ਵਹੀਕਲ ਥੈਫਟ ਸਟਾਫ਼ ਦੇ ਇੰਚਾਰਜ ਐੱਸ.ਆਈ. ਪ੍ਰਦੀਪ ਕੁਮਾਰ ਦੀ ਅਗਵਾਈ ਹੇਠ ਏ.ਐੱਸ.ਆਈ. ਜਸਮੇਰ ਸਿੰਘ ਦੀ ਟੀਮ ਨੇ ਦੋਸ਼ੀ ਸਾਹਿਲ ਵਾਸੀ ਅਰਜੁਨ ਨਗਰ ਕੈਥਲ ਨੂੰ ਮਾਤਾ ਗੇਟ ਕੈਥਲ ਤੋਂ ਕਾਬੂ ਕੀਤਾ ਹੈ। ਮੁਲਜ਼ਮਾਂ ਦੇ ਕਬਜ਼ੇ 'ਚੋਂ ਚੋਰੀ ਦਾ ਮੋਟਰਸਾਈਕਲ ਬਰਾਮਦ ਕਰ ਲਿਆ ਹੈ।



ਮੋਟਰਸਾਈਕਲ ਚੋਰ ਨੂੰ ਪੁਲਿਸ ਨੇ ਕੀਤਾ ਕਾਬੂ। ਤਸਵੀਰ : ਓ.ਪੀ. ਸੈਣੀ

## ਸਰਹੱਦੀ ਪਿੰਡ ਢਾਣੀ ਨੱਥਾ ਸਿੰਘ ਤੋਂ 3 ਪੈਕਟ ਹੈਰੋਇਨ ਬਰਾਮਦ

ਜਲਾਲਾਬਾਦ, 8 ਦਸੰਬਰ (ਜਤਿੰਦਰ ਪਾਲ ਸਿੰਘ)- ਕਾਊਂਟਰ ਇੰਟੈਲੀਜੈਂਸ ਵਿਭਾਗ ਫ਼ਿਰੋਜ਼ਪੁਰ ਨੇ ਬੀ.ਐੱਸ.ਐਫ਼. ਨਾਲ ਮਿਲ ਕੇ ਜਲਾਲਾਬਾਦ ਦੇ ਪਾਕਿਸਤਾਨ ਦੇ ਨਾਲ ਅੰਤਰਰਾਸ਼ਟਰੀ ਸਰਹੱਦ 'ਤੇ ਸਥਿਤ ਪਿੰਡ ਢਾਣੀ ਨੱਥਾ ਸਿੰਘ ਵਿਖੇ ਤਿੰਨ ਪੈਕਟ ਹੈਰੋਇਨ ਦੇ ਬਰਾਮਦ ਕਰਨ 'ਚ ਸਫਲਤਾ ਹਾਸਲ ਕੀਤੀ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਇਹ ਖੇਪ ਪਾਕਿਸਤਾਨ ਤੋਂ ਆਈ ਸੀ ਅਤੇ ਇਸ ਬਾਬਤ ਗੁਪਤ ਸੂਚਨਾ ਮਿਲਣ 'ਤੇ ਇੰਟੈਲੀਜੈਂਸ ਵਿਭਾਗ ਨੇ ਬੀ.ਐੱਸ.ਐਫ਼. ਅਤੇ ਪੁਲਿਸ ਪ੍ਰਸ਼ਾਸਨ ਦੇ ਨਾਲ ਮਿਲ ਕੇ ਤਲਾਸ਼ੀ ਅਭਿਆਨ ਚਲਾਇਆ ਅਤੇ ਸਰਹੱਦ ਦੇ ਨੇੜੇ ਖੇਤਾਂ 'ਚ ਤਿੰਨ ਪੈਕਟ ਹੈਰੋਇਨ ਦੇ ਬਰਾਮਦ ਕੀਤੇ। ਜਿਸ ਵਿਚ ਲਗਭਗ ਡੇਢ ਕਿੱਲੋ ਦੇ ਕਰੀਬ ਹੈਰੋਇਨ ਬਰਾਮਦ ਕੀਤੀ ਗਈ। ਇਸ ਬਾਬਤ ਅਗਲੀ ਕਾਰਵਾਈ ਜਾਰੀ ਹੈ।

## ਨਾਬਾਲਗਾ ਨਾਲ ਜਬਰ ਜਨਾਹ ਦੀ ਕੋਸ਼ਿਸ਼ 'ਚ ਤਿੰਨ ਵਿਰੁੱਧ ਮਾਮਲਾ ਦਰਜ

ਫ਼ਿਰੋਜ਼ਪੁਰ, 8 ਦਸੰਬਰ (ਰਾਕੇਸ਼ ਚਾਵਲਾ)- ਨਾਬਾਲਗ ਲੜਕੀ ਨਾਲ ਜਬਰ ਜਨਾਹ ਦੀ ਕੋਸ਼ਿਸ਼ ਦੇ ਮਾਮਲੇ 'ਚ ਥਾਣਾ ਕੈਂਟ ਫ਼ਿਰੋਜ਼ਪੁਰ ਪੁਲਿਸ ਨੇ ਤਿੰਨ ਵਿਅਕਤੀਆਂ ਵਿਰੁੱਧ ਮਾਮਲਾ ਦਰਜ ਕੀਤਾ ਹੈ, ਜਿਸ ਵਿਚ ਇਕ ਔਰਤ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਹੈ। ਮਿਲੀ ਜਾਣਕਾਰੀ ਅਨੁਸਾਰ ਪੁਲਿਸ ਨੂੰ ਦਿੱਤੀ ਸ਼ਿਕਾਇਤ ਵਿਚ ਨਾਬਾਲਗ ਪੀੜਤ ਲੜਕੀ ਨੇ ਦੱਸਿਆ ਕਿ ਉਸ ਦੀ ਉਮਰ 14 ਸਾਲ ਹੈ। ਉਸ ਨੂੰ ਮਮਤਾ ਪਤਨੀ ਮੌਂਟੀ ਨੇ ਆਪਣੀ ਸਹੇਲੀ ਪਾਇਲ ਨਾਲ ਮਿਤੀ 5.12.2024 ਨੂੰ ਕਰੀਬ 1 ਵਜੇ ਦੁਪਹਿਰ ਨੂੰ ਅੰਮ੍ਰਿਤਸਰ ਤੋਂ ਕੱਪੜੇ ਲੈ ਕੇ ਆਉਣ ਦਾ ਕਹਿ ਕੇ ਨਾਲ ਭੇਜ ਦਿੱਤਾ। ਪਾਇਲ ਨਾਮ ਦੀ ਲੜਕੀ ਨੇ ਆਪਣੀ ਗੱਡੀ ਵਿਚ ਪੀੜਤ ਨਾਬਾਲਗ ਲੜਕੀ ਨੂੰ ਬਿਠਾ ਲਿਆ ਤੇ ਕਰੀਬ 4.30 ਵਜੇ ਸ਼ਾਮ ਨੂੰ ਉਹ ਅੰਮ੍ਰਿਤਸਰ ਪਹੁੰਚ ਗਈਆਂ ਤੇ ਪਾਇਲ ਨੇ ਮੁਦਈਆ ਨੂੰ ਕਿਹਾ ਕਿ ਆਪਾਂ ਪਹਿਲਾਂ ਰਹਿਣ ਲਈ ਕਮਰਾ ਦੇਖ ਲੈਂਦੇ ਹਾਂ, ਫਿਰ ਮੁਦਈਆ ਨੂੰ ਇਕ ਘਰ ਵਿਚ ਲੈ ਗਈ, ਉੱਥੇ ਇਕ ਕਮਰੇ ਵਿਚ ਬਿਠਾ ਦਿੱਤਾ। ਫਿਰ ਪਾਇਲ ਚਲੀ ਗਈ ਤੇ ਥੋੜ੍ਹੀ ਦੇਰ ਬਾਅਦ ਇਕ ਲੜਕਾ ਆ ਗਿਆ, ਜਿਸ ਨੂੰ ਮੁਦਈਆ ਨਹੀਂ ਜਾਣਦੀ ਤੇ ਉਸ ਲੜਕੇ ਨੇ ਕਮਰੇ ਅੰਦਰ ਆਉਂਦੇ ਹੀ ਮੁਦਈਆ ਨਾਲ ਕੁੱਟਮਾਰ ਕੀਤੀ ਅਤੇ ਜਬਰ ਜਨਾਹ ਕਰਨ ਦੀ ਕੋਸ਼ਿਸ਼ ਕੀਤੀ, ਜਿਸ 'ਤੇ ਮੁਦਈਆ ਵਲੋਂ ਆਪਣੇ ਆਪ ਨੂੰ ਬਚਾਉਂਦੇ ਹੋਏ ਖ਼ੁਦ ਨੂੰ ਬਾਥਰੂਮ ਵਿਚ ਬੰਦ ਕਰ ਲਿਆ। ਪੁਲਿਸ ਵਲੋਂ ਇਸ ਮੁਕੱਦਮਾ ਵਿਚ ਈ ਸ਼ਾਕਰ ਐਪ ਰਾਹੀਂ ਮੁਦਈਆ ਦਾ ਬਿਆਨ ਰਿਕਾਰਡ ਕੀਤਾ ਗਿਆ ਹੈ ਤੇ ਵੀਡੀਉ ਬਣਾਈ ਗਈ ਹੈ। ਇਸ ਬਾਬਤ ਥਾਣਾ ਕੈਂਟ ਫ਼ਿਰੋਜ਼ਪੁਰ ਪੁਲਿਸ ਨੇ ਮਮਤਾ ਪਤਨੀ ਮੌਂਟੀ ਵਾਸੀ ਬਾਜ਼ਾਰ ਨੰਬਰ 1 ਗੰਦਾ ਨਾਲਾ ਫ਼ਿਰੋਜ਼ਪੁਰ, ਪਾਇਲ ਪਤਨੀ ਨਾਮਾਲੂਮ ਅਤੇ ਸੰਜੇ ਕੁਮਾਰ ਪੁੱਤਰ ਰਾਮ ਵਾਸੀ ਲੱਖੇ ਵਾਲੀ ਸ੍ਰੀ ਮੁਕਤਸਰ ਸਾਹਿਬ ਵਿਰੁੱਧ ਮਾਮਲਾ ਦਰਜ ਕਰਦੇ ਹੋਏ ਮਮਤਾ ਪਤਨੀ ਮੌਂਟੀ ਨੂੰ ਗ੍ਰਿਫ਼ਤਾਰ ਕਰ ਲਿਆ ਹੈ ਅਤੇ ਅਗਲੀ ਤਫ਼ਤੀਸ਼ ਜਾਰੀ ਹੈ।



ਦੇਵ ਸਮਾਜ ਕਾਲਜ ਫ਼ਾਰ ਵੂਮੈਨ ਦੀ ਇਮਾਰਤ ਦਾ ਦ੍ਰਿਸ਼। ਅਜੀਤ ਤਸਵੀਰ

## ਕਿਸਾਨਾਂ 'ਤੇ ਲਾਠੀਚਾਰਜ ਕਰਨ 'ਤੇ ਹਰਿਆਣਾ ਸਰਕਾਰ ਦੀ ਨਿਖੇਧੀ-ਅਰਾਈਆਂਵਾਲਾ

ਮੱਖੂ, 8 ਦਸੰਬਰ (ਕੁਲਵਿੰਦਰ ਸਿੰਘ ਸੰਧੂ)-ਪੰਜਾਬ ਹਰਿਆਣਾ ਦੇ ਸ਼ੰਭੂ ਬਾਰਡਰਾਂ 'ਤੇ ਬੈਠੇ ਕਿਸਾਨਾਂ ਨੂੰ 8 ਮਹੀਨਿਆਂ ਤੋਂ ਉਪਰ ਸਮਾਂ ਹੋ ਗਿਆ ਹੈ। ਪਰ ਭਾਰਤ ਵਿਚ ਕੇਂਦਰ ਦੀ ਮੋਦੀ ਸਰਕਾਰ ਵਲੋਂ ਕੋਈ ਵੀ ਮਸਲਾ ਹੱਲ ਨਾ ਕਰਨ 'ਤੇ ਕਿਸਾਨਾਂ ਨੇ ਪੈਦਲ ਦਿੱਲੀ ਵੱਲ ਆਪਣੇ ਕਿਸਾਨਾਂ ਦੇ ਜਥੇ ਭੇਜਣ ਦਾ ਐਲਾਨ ਕਰ ਦਿੱਤਾ ਸੀ। ਜਦੋਂ ਕਿਸਾਨ ਆਗੂਆਂ ਨੇ ਕੱਲ੍ਹ 6 ਦਸੰਬਰ ਨੂੰ ਇਹ ਜਥੇ ਦਿੱਲੀ ਵੱਲ ਜਾਣਾ ਸ਼ੁਰੂ ਹੋਇਆ ਤਾਂ ਹਰਿਆਣਾ ਪੁਲਿਸ ਨੇ ਉਨ੍ਹਾਂ ਨੂੰ ਦਿੱਲੀ ਜਾਣ ਤੋਂ ਰੋਕਣ ਤੇ ਕਿਸਾਨ ਸੰਘਰਸ਼ ਕਮੇਟੀ ਪੰਜਾਬ ਦੇ ਸੂਬਾ ਪ੍ਰਧਾਨ ਸੁਖਦੇਵ ਸਿੰਘ ਅਰਾਈਆਂਵਾਲਾ ਨੇ ਇਸ ਦਾ ਕਰੜੇ ਸ਼ਬਦਾਂ ਵਿਚ ਨਿਖੇਧੀ ਕਰਦਿਆਂ ਕਿਹਾ ਕਿ ਜਿਹੜੀ ਬੀ ਜੇ ਪੀ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਸਰਕਾਰ ਬਣਾਉਣ ਤੋਂ ਪਹਿਲਾਂ ਇਹ ਕਿਸਾਨਾਂ ਨਾਲ ਵਾਧਾ ਕੀਤਾ ਸੀ ਕਿ ਬੀ.ਜੇ.ਪੀ. ਦੀ ਸਰਕਾਰ ਬਣਾਓ ਤੇ ਸਾਡੀ ਸਰਕਾਰ ਕਿਸਾਨਾਂ ਨੂੰ ਹਰ ਫ਼ਸਲ ਤੇ ਐਮ.ਐਸ.ਪੀ. ਤੇ ਸੁਆਮੀਨਾਥਨ ਦੀ ਰਿਪੋਰਟ ਅਨੁਸਾਰ ਫਸਲਾਂ ਦਾ ਭਾਅ ਦਿੱਤਾ ਜਾਵੇਗਾ। ਪਰ ਇਸ ਦੀ ਸਰਕਾਰ ਨੂੰ ਬਣੇ ਗਿਆਰਾਂ ਸਾਲ ਹੋ ਗਏ, ਸਰਕਾਰ ਹੁਣ ਆਪਣੇ ਹੱਕ ਮੰਗਦੇ ਕਿਸਾਨਾਂ ਨੂੰ ਗੈਸ ਦੇ ਗੋਲਿਆਂ ਨਾਲ ਤੇ ਲਾਠੀਚਾਰਜ ਕਰਕੇ ਕਿਸਾਨਾਂ ਨੂੰ ਆਪਣੇ ਹੱਕਾਂ ਤੋਂ ਵਾਂਝਿਆਂ ਕਰਨ ਲਈ ਆਪਣੀ ਚਾਲ ਚੱਲ ਰਹੀ ਹੈ। ਕਿਸਾਨ ਆਪਣੇ ਹੱਕ ਲੈ ਕੇ ਰਹਿਣਗੇ। ਇਸ ਹਰਕਤ ਦੀ ਕਿਸਾਨ ਸੰਘਰਸ਼ ਕਮੇਟੀ ਪੰਜਾਬ ਦੇ ਸੂਬਾ ਪ੍ਰਧਾਨ ਸੁਖਦੇਵ ਸਿੰਘ ਅਰਾਈਆਂਵਾਲਾ ਤੇ ਜਥੇਬੰਦੀ ਨੇ ਘੋਰ ਸ਼ਬਦਾਂ ਵਿਚ ਨਿਖੇਧੀ ਕਰਦਿਆਂ ਕਿਹਾ ਕਿ ਮੋਦੀ ਸਰਕਾਰ ਨੂੰ ਆਖ ਦੇ ਹਾਂ ਕਿ ਜਲਦੀ ਤੋਂ ਜਲਦੀ ਕਿਸਾਨਾਂ ਨੂੰ ਬੁਲਾਕੇ ਮੀਟਿੰਗ ਕੀਤੀ ਜਾਵੇ ਤੇ ਕਿਸਾਨਾਂ ਦੀਆਂ ਮੰਨੀਆਂ ਹੋਈਆਂ ਮੰਗਾਂ ਮੰਨੀਆਂ ਜਾਣ ਨਹੀਂ ਤਾਂ ਸੰਘਰਸ਼ ਹੋਰ ਵੀ ਤੇਜ਼ ਹੋਵੇਗਾ। ਇਸ ਵਿਚ ਹਾਜ਼ਰ ਕਿਸਾਨ ਮਲਕੀਤ ਸਿੰਘ, ਸ਼ਬੇਗ ਸਿੰਘ ਸੂਦਾਂ, ਜੱਗਾ ਸਿੰਘ ਨੰਗਲ, ਕਾਬਲ ਸਿੰਘ ਲਖਨਪਾਲ, ਜਸਕਰਨ ਸਿੰਘ ਨਿਹਾਲਕੇ, ਅੰਗਰੇਜ਼ ਸਿੰਘ, ਨਵਤੇਜ ਸਿੰਘ ਹਰਵੇਲ ਸਿੰਘ ਰਸੂਲਪੁਰ, ਮੋਹਕਮ ਸਿੰਘ ਸੋਰਵ ਚੋਪੜਾ, ਪ੍ਰਦੀਪ ਗਰੋਵਰ ਆਦਿ ਹਾਜ਼ਰ ਸਨ।



ਕਿਸਾਨਾਂ 'ਤੇ ਕੀਤੇ ਅੱਤਿਆਚਾਰ ਦੀ ਨਿਖੇਧੀ ਕਰਦੇ ਹੋਏ ਸੂਬਾ ਪ੍ਰਧਾਨ ਸੁਖਦੇਵ ਸਿੰਘ ਅਰਾਈਆਂਵਾਲਾ ਤੇ ਕਿਸਾਨ ਆਗੂ। ਅਜੀਤ ਤਸਵੀਰ

## ਦੇਵ ਸਮਾਜ ਕਾਲਜ ਗਰਾਂਟ ਪ੍ਰਾਪਤ ਕਰਨ ਵਾਲਾ ਯੂਨੀਵਰਸਿਟੀ ਦਾ ਪਹਿਲਾ ਕਾਲਜ ਬਣਿਆ

ਫ਼ਿਰੋਜ਼ਪੁਰ, 8 ਦਸੰਬਰ (ਲਖਵਿੰਦਰ ਸਿੰਘ)-ਸਿੱਖਿਆ ਅਤੇ ਤਕਨਾਲੋਜੀ ਵਿਭਾਗ ਭਾਰਤ ਸਰਕਾਰ ਦੀ ਮਹਿਲਾ ਯੂਨੀਵਰਸਿਟੀਆਂ ਵਿਚ ਨਵੀਨਤਾ ਅਤੇ ਉਤਮਤਾ ਲਈ ਯੂਨੀਵਰਸਿਟੀ ਖੋਜ ਦਾ ਏਕੀਕਰਨ (ਕਿਊਰੀ) ਪ੍ਰੋਗਰਾਮ ਦੇ ਅਧੀਨ ਦੇਵ ਸਮਾਜ ਕਾਲਜ ਫ਼ਾਰ ਵੂਮੈਨ ਫ਼ਿਰੋਜ਼ਪੁਰ ਨੂੰ ਗਰਾਂਟ ਪ੍ਰਾਪਤ ਹੋਈ ਹੈ, ਜਿਸ ਦਾ ਉਦੇਸ਼ ਮਹਿਲਾ ਸਿੱਖਿਆ ਅਤੇ ਸ਼ਕਤੀਕਰਨ ਨੂੰ ਉਤਸ਼ਾਹਿਤ ਕਰਨਾ ਹੈ। ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦਾ ਏ-ਪਲੱਸ ਗ੍ਰੇਡ ਪ੍ਰਾਪਤ ਇਸ ਕਾਲਜ ਗਰਾਂਟ ਪ੍ਰਾਪਤ ਕਰਕੇ ਕਾਲਜ ਨੇ ਆਪਣੀਆਂ ਉਪਲਬਧੀਆਂ 'ਚ ਇਕ ਹੋਰ ਵਾਧਾ ਕੀਤਾ ਹੈ। ਕਾਲਜ ਪ੍ਰਿੰਸੀਪਲ ਡਾ. ਸੰਗੀਤਾ ਨੇ ਕਿਹਾ ਕਿ ਦੇਵ ਸਮਾਜ ਕਾਲਜ ਫ਼ਾਰ ਵੂਮੈਨ ਫ਼ਿਰੋਜ਼ਪੁਰ ਗਰਾਂਟ ਪ੍ਰਾਪਤ ਕਰਨ ਵਾਲਾ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦਾ ਪਹਿਲਾ ਵੂਮੈਨ ਕਾਲਜ ਬਣ ਗਿਆ ਹੈ। ਉਨ੍ਹਾਂ ਨੇ ਆਪਣੀ ਖੁਸ਼ੀ ਪ੍ਰਗਟ ਕਰਦੇ ਹੋਏ ਦੱਸਿਆ ਕਿ ਪ੍ਰੋਜੈਕਟ ਪ੍ਰਮੁੱਖ ਨਿਗਰਾਨ ਡਾ. ਆਸ਼ਾ ਅਰੋੜਾ ਭੌਤਿਕ ਵਿਗਿਆਨ ਵਿਭਾਗ ਦੁਆਰਾ ਪ੍ਰਸਤੁਤ ਪ੍ਰਸਤੁਤੀ ਕਰਨ ਦੇ ਆਧਾਰ 'ਤੇ ਪ੍ਰੋਜੈਕਟ ਸਲਾਹਕਾਰ ਕਮੇਟੀ ਦੁਆਰਾ ਗਰਾਂਟ ਪ੍ਰਦਾਨ ਕੀਤੀ ਗਈ ਹੈ। ਪ੍ਰਿੰਸੀਪਲ ਡਾ. ਸੰਗੀਤਾ ਨੇ ਕਿਹਾ ਕਿ ਕਿੱਤੇ ਤੋਂ ਬਾਅਦ ਸਿੱਖਿਆ ਵਿਗਿਆਨ ਵਿਭਾਗਾਂ ਨੂੰ ਪੋਸਟ-ਗ੍ਰੈਜੂਏਟ ਅਤੇ ਖੋਜ ਪੱਧਰ 'ਤੇ ਅਭਿਆਸ ਦੀ ਸਿਖਲਾਈ 'ਤੇ ਵਿਸ਼ੇਸ਼ ਜ਼ੋਰ ਦੇਣ ਦੇ ਨਾਲ ਵਿਗਿਆਨ ਸਿੱਖਿਆ ਦੇ ਸੰਪੂਰਨ ਸੁਧਾਰ ਦੇ ਲਈ ਤਿੰਨ ਸਾਲ ਦੀ ਮਿਆਦ ਵਿਚ ਉਪਕਰਨਾਂ ਦੀ ਖਰੀਦ ਦੇ ਲਈ ਇਕ ਗੈਰ-ਆਵਰਤੀ ਸਹਾਇਤਾ ਪ੍ਰਦਾਨ ਕੀਤੀ ਜਾਵੇਗੀ। ਉਨ੍ਹਾਂ ਦੱਸਿਆ ਕਿ ਇਸ ਗਰਾਂਟ ਦਾ ਉਦੇਸ਼ ਯੁਵਾ ਮਹਿਲਾਵਾਂ ਵਿਚ ਖੋਜ ਅਤੇ ਵਿਕਾਸ ਕਾਰਜਾਂ ਨੂੰ ਪ੍ਰਫੁੱਲਿਤ ਕਰਨਾ ਅਤੇ ਮਹਿਲਾ ਸਿੱਖਿਆ ਸੰਸਥਾਵਾਂ ਵਿਚ ਨਵੀਂ ਪ੍ਰਤਿਭਾ ਨੂੰ ਧਿਆਨ 'ਚ ਰੱਖਦੇ ਹੋਏ ਵਿਗਿਆਨ ਵਿਭਾਗਾਂ ਨੂੰ ਅੱਗੇ ਵਧਾਉਣਾ ਅਤੇ ਸਮਰੱਥਾ ਪ੍ਰਦਾਨ ਕਰਨਾ ਹੈ, ਜਿਸ ਨਾਲ ਵਿਗਿਆਨ ਤਕਨਾਲੋਜੀ ਇੰਜੀਨੀਅਰਿੰਗ ਅਤੇ ਗਣਿਤ ਵਿਚ ਉਤਮਤਾ ਪ੍ਰਾਪਤ ਕੀਤੀ ਜਾ ਸਕਦੀ ਹੈ ਅਤੇ ਅਭੀਨਵ ਖੋਜ ਯੋਜਨਾ ਨੂੰ ਅੱਗੇ ਵਧਾਉਣਾ ਆਧੁਨਿਕ ਹੁਨਰ ਵਿਕਸਿਤ ਕਰਨਾ ਸੰਭਵ ਹੈ। ਪ੍ਰਿੰਸੀਪਲ ਡਾ. ਸੰਗੀਤਾ ਨੇ ਪ੍ਰੋਜੈਕਟ ਪ੍ਰਮੁੱਖ ਨਿਗਰਾਨ ਡਾ. ਆਸ਼ਾ ਅਰੋੜਾ, ਸਹਿ ਨਿਗਰਾਨ ਡਾ. ਮੋਕਸ਼ੀ ਅਤੇ ਕਾਲਜ ਦੇ ਪੂਰੇ ਵਿਗਿਆਨ ਵਿਭਾਗ ਦੇ ਅਧਿਆਪਕਾਂ ਨੂੰ ਵਧਾਈ ਦਿੰਦੇ ਹੋਏ ਕਿਹਾ ਕਿ ਦੇਵ ਸਮਾਜ ਦੇ ਕਾਲਜ ਫ਼ਾਰ ਵੂਮੈਨ ਫ਼ਿਰੋਜ਼ਪੁਰ ਦੇ ਵਿਗਿਆਨ ਵਿਭਾਗ ਦੇਸ਼ ਲਈ ਉੱਚ ਗੁਣਵੱਤਾ ਵਾਲੀ ਮਹਿਲਾ ਵਿਦਿਆਰਥਣਾਂ ਨੂੰ ਉਚ ਪੱਧਰੀ ਮਹਿਲਾ ਵਿਗਿਆਨੀ ਬਣਾਉਣ ਵਿਚ ਆਪਣਾ ਸਹਿਯੋਗ ਪ੍ਰਦਾਨ ਕਰੇਗਾ। ਇਸ ਮੌਕੇ ਕਾਲਜ ਚੇਅਰਮੈਨ ਨਿਰਮਲ ਸਿੰਘ ਢਿੱਲੋਂ ਨੇ ਆਪਣੀਆਂ ਸ਼ੁੱਭਕਾਮਨਾਵਾਂ ਦਿੱਤੀਆਂ।

## ਮੋਬਾਈਲ ਦੀ ਖੋਹ ਮਾਮਲੇ 'ਚ 3 ਅਣਪਛਾਤੇ ਬਾਈਕ ਸਵਾਰਾਂ ਵਿਰੁੱਧ ਮਾਮਲਾ ਦਰਜ

ਫ਼ਿਰੋਜ਼ਪੁਰ, 8 ਦਸੰਬਰ (ਕੁਲਬੀਰ ਸਿੰਘ ਸੋਢੀ)-ਥਾਣਾ ਸਦਰ ਫ਼ਿਰੋਜ਼ਪੁਰ ਵਿਖੇ ਇਕ ਨੌਜਵਾਨ ਕੋਲੋਂ ਮੋਬਾਈਲ ਦੀ ਖੋਹ ਕਰਨ ਦੇ ਮਾਮਲੇ ਵਿਚ ਪੁਲਿਸ ਵਲੋਂ ਕਾਰਵਾਈ ਕਰਦੇ ਹੋਏ ਮਾਮਲਾ ਦਰਜ ਕੀਤਾ ਗਿਆ ਹੈ। ਸਹਾਇਕ ਥਾਣੇਦਾਰ ਬਲਦੇਵ ਰਾਜ ਨੇ ਜਾਣਕਾਰੀ ਸਾਂਝੀ ਕੀਤੀ ਕਿ ਉਨ੍ਹਾਂ ਪਾਸ ਪੀੜਤ ਨਾਬਾਲਗ ਨੌਜਵਾਨ ਅੰਸ਼ ਪੁੱਤਰ ਗਗਨ ਕੁਮਾਰ ਵਾਸੀ ਮਕਾਨ ਨੰਬਰ 145, ਡੀ ਰਾਮ ਨਗਰ, ਅੰਬਾਲਾ (ਹਰਿਆਣਾ) ਨੇ ਸ਼ਿਕਾਇਤ ਦਰਜ ਕਾਰਵਾਈ ਕਿ ਮੁੱਦਈ ਸਮੇਤ ਹੋਰ ਵਿਦਿਆਰਥੀਆਂ ਨਾਲ ਦਾਸ ਐਂਡ ਬਰਾਊਨ ਸਕੂਲ ਬਾਰਡਰ ਰੋਡ ਵਿਖੇ ਖੇਡਾਂ ਵਿਚ ਹਿੱਸਾ ਲੈਣ ਲਈ ਆਇਆ ਸੀ। ਉਸ ਨੇ ਦੱਸਿਆ ਕਿ ਬੀਤੀ ਮਿਤੀ 6 ਦਸੰਬਰ ਨੂੰ ਕਰੀਬ 6.30 ਵਜੇ ਸ਼ਾਮ ਆਪਣੇ ਸਾਥੀਆਂ ਨਾਲ ਰੇਲਵੇ ਸਟੇਸ਼ਨ ਫ਼ਿਰੋਜ਼ਪੁਰ ਤੋਂ ਦਾਸ ਐਂਡ ਬਰਾਊਨ ਸਕੂਲ ਵਿਖੇ ਪੈਦਲ ਆ ਰਹੇ ਸੀ। ਜਦ ਉਹ ਕਿਲੇ ਵਾਲਾ ਚੌਕ ਤੋਂ ਥੋੜ੍ਹਾ ਅੱਗੇ ਪੁੱਜੇ ਤਾਂ ਇਕ ਮੋਟਰਸਾਈਕਲ 'ਤੇ ਤਿੰਨ ਨੌਜਵਾਨ ਆਏ, ਜਿਨ੍ਹਾਂ ਨੇ ਮੁੱਦਈ ਦਾ ਮੋਬਾਈਲ ਫ਼ੋਨ ਝਪਟ ਮਾਰ ਕੇ ਖੋਹ ਲਿਆ ਤੇ ਮੌਕੇ ਤੋਂ ਫ਼ਰਾਰ ਹੋ ਗਏ। ਸਹਾਇਕ ਥਾਣੇਦਾਰ ਬਲਦੇਵ ਰਾਜ ਨੇ ਨੌਜਵਾਨ ਦੀ ਸ਼ਿਕਾਇਤ 'ਤੇ 3 ਅਣਪਛਾਤੇ ਨੌਜਵਾਨਾਂ ਵਿਰੁੱਧ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

CMYK